(This question paper contains 2 printed pages)

Roll No.

Sl. No of Question Paper: 353

Unique Paper Code: 212352

F

Name of the Paper: Punjabi Discipline B

Name of the Course: B. A. (Prog.)

Semester: III

Time : 3 Hours

Maximum Marks : 75

**ਨੋਟ :** ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

1. 'ਕਮਜ਼ਾਤ' ਨਾਵਲ, ਸਮਾਜਕ ਤੇ ਰਾਜਨੀਤਕ ਸਥਿਤੀ ਨੂੰ ਕਿਵੇਂ ਪੇਸ਼ ਕੀਤਾ ਗਿਆ ਹੈ, ਚਰਚਾ ਕਰੋ। (15)

**ਜਾਂ**

'ਕਮਜ਼ਾਤ' ਨਾਵਲ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪੇਸ਼ ਕਰੋ।

2. ਹੇਠਾਂ ਦਿੱਤੇ ਸਵਾਲਾਂ ਵਿਚੋਂ **ਦੋ** ਦੇ ਸੰਖੇਪ ਵਿਚ ਉੱਤਰ ਦਿਉ : (5×2=10)
   (ੳ) 'ਕਮਜ਼ਾਤ' ਨਾਵਲ ਵਿਚ ਕਿਸ ਘਟਨਾ ਨੇ ਤੁਹਾਨੂੰ ਸਭ ਤੋਂ ਵਧੇਰੇ ਝੰਜੋੜਿਆ ਜਾਂ ਪ੍ਰਭਾਵਿਤ ਕੀਤਾ ਹੈ ਤੇ ਕਿਵੇਂ ?
   (ਅ) 'ਕਮਜ਼ਾਤ' ਕਿਸ ਨੂੰ ਇਸ਼ਕ ਕਹਿੰਦਾ ਹੈ ? ਉਸਦੇ ਚਰਿੱਤਰ ਦੇ ਅਧਾਰ 'ਤੇ ਦੱਸੋ ਕਿ ਉਹ ਆਪਣੇ ਆਲੇ-ਦੁਆਲੇ ਫੈਲੀਆਂ ਸਥਿਤੀਆਂ ਨਾਲ ਕਿਵੇਂ ਪੇਸ਼ ਆਉਂਦਾ ਹੈ ?
   (ੲ) 'ਕਮਜ਼ਾਤ' ਸਿਰਲੇਖ ਤੋਂ ਤੁਸੀਂ ਕੀ ਸਮਝਦੇ ਹੋ ?

3. ਕਾਦਰਯਾਰ ਦਾ ਕਿੱਸਾ ਪੂਰਨ ਭਗਤ ਦਾ ਵਿਸ਼ੇਗਤ ਅਧਿਐਨ ਪੇਸ਼ ਕਰੋ। (15)

**ਜਾਂ**

"'ਕਿੱਸਾ ਸੋਹਣੀ ਮਹੀਂਵਾਲ', ਇਸ਼ਕ ਦੀ ਪ੍ਰੀਤ-ਕਥਾ ਨੂੰ ਮੂਲ ਵਿਸ਼ੇ ਦੇ ਰੂਪ ਵਿਚ ਪੇਸ਼ ਕਰਦਾ ਹੈ।" ਰਚਨਾ ਦੇ ਅੰਦਰ ਪੇਸ਼ ਹੋਏ ਘਟਨਾ-ਕ੍ਰਮ ਆਧਾਰ 'ਤੇ ਚਰਚਾ ਕਰੋ।

**P.T.O.**

4. ਹੇਠਾਂ ਦਿੱਤੇ ਸਵਾਲਾਂ ਵਿਚੋਂ **ਦੋ** ਦੇ ਸੰਖੇਪ ਵਿਚ ਜਵਾਬ ਦਿਉ : (5×2=10)

(ੳ) ਕਿੱਸਾ ਪੂਰਨ ਭਗਤ ਵਿਚ ਪੂਰਨ ਨੂੰ ਕਿਹੜੇ ਇਮਤਿਹਾਨਾਂ ਵਿਚ ਮੁੜ ਮੁੜ ਕੇ ਪੈਣਾ ਪੈਂਦਾ ਹੈ ? ਕੀ ਉਹ ਪੂਰਨ ਰੂਪ ਵਿਚ ਭਗਤ ਬਣ ਸਕਿਆ ?

(ਅ) ਸੋਹਣੀ ਤੇ ਮਹੀਂਵਾਲ ਦਾ ਇਸ਼ਕ, ਕਿਹੋ ਜਿਹਾ ਸੰਕਲਪ ਲੈ ਕੇ ਸਾਹਮਣੇ ਆਉਂਦਾ ਹੈ ? ਆਪਣੇ ਵਿਚਾਰ ਪੇਸ਼ ਕਰੋ।

(ੲ) ਲੂਣਾ, ਸੋਹਣੀ ਤੇ ਸੁੰਦਰਾਂ ਵਿਚੋਂ ਕਿਸੇ **ਇਕ** ਪਾਤਰ ਦੇ ਚਰਿੱਤਰ ਨੂੰ ਪੇਸ਼ ਕਰੋ।

5. 'ਵਾਕ ਰਚਨਾ' ਤੋਂ ਤੁਸੀਂ ਕੀ ਸਮਝਦੇ ਹੋ ? ਵਾਕ ਬਣਤਰ ਦੇ ਆਧਾਰ 'ਤੇ ਵਾਕਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ ? ਉਦਾਹਰਣ ਸਹਿਤ ਦਸੋ। (10)

6. (ੳ) ਕਿਰਿਆ ਵਿਸ਼ੇਸ਼ਣ ਕਿਸਨੂੰ ਕਹਿੰਦੇ ਹਨ ? ਉਦਾਹਰਣ ਸਹਿਤ ਦੱਸੋ। (5)

(ਅ) ਨਾਂਵ ਦੀ ਪਰਿਭਾਸ਼ਾ ਦੱਸੋ ? ਇਹ ਕਿੰਨੀ ਪ੍ਰਕਾਰ ਦੇ ਹਨ ? ਉਦਾਹਰਣ ਸਹਿਤ ਪੇਸ਼ ਕਰੋ। (10)

—0—